ਸੁਖਧੀਰ



# ਪੰਛਿਆ ਦਾ ਚੰਨ

# ਪੁੰਨਿਆ ਦਾ ਚੰਨ

(ਕਵਿਤਾਵਾਂ)

# ਪੂੰਨਿਆ ਦਾ ਚੰਨ

ਸੁਖਬੀਰ

**Punian Da Chan**
**(Poems)**
**By Dr. Sukhbir Singh Kapoor**

© ਲੇਖਕ

ਪਹਿਲੀ ਵਾਰ 23 ਜਨਵਰੀ 1994
ਪ੍ਰਕਾਸ਼ਕ : ਹੇਮਕੁੰਟ ਪ੍ਰੈਸ
ਏ-78, ਨਰਾਇਣਾ
ਇੰਡਸਟ੍ਰੀਅਲ ਏਰੀਆ, ਫੇਜ 1
ਨਵੀਂ ਦਿਲੀ- 110 028

•

ਚਿਤਰਕਾਰ : ਇਮਰੋਜ

•

ਟਾਈਪਸੈਟਿੰਗ : ਸਪੈਗਨਾ

•

ਛਾਪਕ: ਹੇਮਕੁੰਟ ਪ੍ਰੈਸ, ਨਵੀਂ ਦਿੱਲੀ

•

ਮੁਲ : 50 ਰੁਪਏ

ਪੁੰਨਿਆ ਦੇ ਚੰਨ
'ਚ ਛਲਕਦੀ
ਚਾਂਦਨੀ ਦੇ ਨਾਂ

# ਤਤਕਰਾ


| | |
|---|---|
| ਅੰਦਾਜ | ੧੧ |
| ਪੀੜਾਂ | ੧੨ |
| ਦੋਸਤ | ੧੩ |
| ਮੇਰੀ ਮਹਿਬੂਬਾ | ੧੪ |
| ਬਿਰਹਾ ਦੀ ਪੀੜ | ੧੬ |
| ਤੇਰੀ ਅਮਾਨਤ | ੧੮ |
| ਯਾਦਾਂ | ੨੦ |
| ਇਕ ਟੀਸ | ੨੪ |
| ਪਿਆਰ | ੨੬ |
| ਕੁਝ ਸਵਾਲ | ੨੮ |
| ਕੁਝ ਸ਼ੇਅਰ | ੨੯ |
| ਉਦਾਸੀ | ੩੫ |
| ਪਹਿਲੀ ਵਾਰ | ੩੭ |
| ਕਿਉਂ ? | ੩੯ |
| ਕਦੀ ਕਦੀ | ੪੦ |
| ਸਚਾਈ | ੪੨ |
| ਯਾਦ | ੪੪ |

| | |
|---|---|
| ਤੇਰੇ ਜਿਹਾ | ੪੬ |
| ਵਫਾ | ੪੭ |
| ਕੁਝ ਵੀ ਨਹੀਂ | ੪੯ |
| ਯਕੀਨ | ੫੦ |
| ਪਿਆਰ | ੫੧ |
| ਤੂੰ ਤੇ ਮੈਂ | ੫੨ |
| ਦੁਖ | ੫੩ |
| ਕੀ ਆਖਾਂ | ੫੫ |

# ਮੁਖਬੰਧ

ਕਵਿਤਾ ਦਿਲ ਦੀ ਆਵਾਜ਼ ਹੈ, ਜਜ਼ਬਾਤ ਦੀ ਜ਼ੁਬਾਨ ਹੈ ਅਤੇ ਹੁਸਨ ਦਾ ਨਿਖਾਰ ਹੈ। ਮਨੁਖ ਜੋ ਕੁਝ ਬੋਲ ਕੇ ਨਹੀਂ ਦਸ ਸਕਦਾ, ਉਹ ਕਵਿਤਾ ਰਾਹੀਂ ਕਹਿ ਸਕਦਾ ਹੈ।

ਕਲਾ ਤੋਂ ਬਗੈਰ ਜੀਵਨ ਬਿਲਕੁਲ ਨੀਰਜ ਹੁੰਦਾ ਹੈ ਅਤੇ ਕਲਾ ਵਿਚ ਸਭ ਤੋਂ ਉਚਾ ਸਥਾਨ ਕਵਿਤਾ ਦਾ ਹੈ।

ਕਵਿਤਾ ਨਾਲ ਮੈਨੂੰ ਬਚਪਨ ਤੋਂ ਇਸ਼ਕ ਰਿਹਾ ਹੈ। ਮੈਂ ਆਪਣੀ ਪਹਿਲੀ ਕਵਿਤਾ ਸਤ ਸਾਲ ਦੀ ਉਮਰ ਵਿਚ ਕਹੀ ਸੀ ਅਤੇ ਹੌਲੀ ਹੌਲੀ ਕਵਿਤਾ ਮੇਰੇ ਜੀਵਨ ਦਾ ਇਕ ਅੰਗ ਬਣ ਗਈ ਹੈ। ਕਾਲਜ ਦੇ ਦਿਨਾਂ ਵਿਚ ਮੈਂ ਕਵਿਤਾ ਕਹਿਣ ਤੇ ਕਈ ਇਨਾਮ ਵੀ ਜਿੱਤੇ ਸਨ। ਇੰਗਲੈਂਡ ਜਾਣ ਤੋਂ ਬਾਦ ਕੁਝ ਸਾਲ ਮੇਰੀ ਇਹ ਕਲਾ ਜੀਵਨ ਦੇ ਕਿਸੇ ਵਿਰਾਨ ਹਿਸੇ ਵਿਚ ਦਬ ਕੇ ਰਹਿ ਗਈ ਸੀ ਪਰ ਹੌਲੀ ਹੌਲੀ ਇਹ ਦੱਬੀ ਹੋਈ ਹਿਰਸ ਅੱਗ ਦੇ ਸ਼ੋਲੇ ਵਿਚ ਬਦਲ ਗਈ ਅਤੇ ਇਹਨਾਂ ਸ਼ੋਲਿਆਂ ਨੇ ਫੇਰ 'ਪੁੰਨਿਆ ਦੀ ਚਾਨਣੀ' ਨੂੰ ਜਨਮ ਦਿਤਾ।

ਭਾਵੇਂ ਮੈਂ ਧਰਮ, ਫਿਲਾਸਫੀ, ਅਰਥਸ਼ਾਸਤਰ ਅਤੇ ਅਕਾਊਂਟਸ ਤੇ ਕਈ ਕਿਤਾਬਾਂ ਲਿਖੀਆਂ ਹਨ, ਪਰ ਇਹ ਕਿਤਾਬ ਮੇਰੇ ਜੀਵਨ ਦਾ ਅਸਲੀ ਸਰਮਾਇਆ ਹੈ। ਇਹ ਮੇਰੇ ਦਿਲ ਦੀ ਧੜਕਣ ਦਰਸਾਂਦੀ ਹੈ ਅਤੇ ਮੇਰੇ ਜਜ਼ਬਾਤਾਂ ਨੂੰ ਬਿਆਨ ਕਰਦੀ ਹੈ।

ਮੈਨੂੰ ਆਪਣੇ ਪਾਠਕਾਂ ਦੇ ਵਿਚਾਰਾਂ ਦੀ ਉਤਸੁਕਤਾ ਨਾਲ ਉਡੀਕ ਰਹੇਗੀ।

-ਸੁਖਬੀਰ

ਲੰਦਨ

23 ਜਨਵਰੀ, 1994

# ਅੰਦਾਜ

ਵੈਸੇ ਤਾਂ ਦੁਨੀਆ ਵਿਚ ਕਵੀ ਬਥੇਰੇ ਨੇ
ਪਰ ਮੇਰੇ ਕਹਿਣ ਦਾ ਅੰਦਾਜ਼ ਨਿਰਾਲਾ ਏ।

# ਮੇਰਾ ਗੀਤ

ਜੀਵਨ ਦੀ ਚਾਟੀ ਵਿਚ, ਕੁਝ ਪੀੜਾਂ ਪਾ ਲਵੋ,
ਕੁਝ ਆਹਾਂ ਪਾ ਲਵੋ, ਕੁਝ ਟੀਸਾਂ ਪਾ ਲਵੋ,
ਹੰਝੂਆਂ ਦੀ ਰਸੀ ਨਾਲ ਫਿਰ ਇਸ ਨੂੰ ਮਥ ਲਵੋ,

ਜੋ ਮਥ ਕੇ ਨਿਕਲੇਗਾ ਉਹ ਹੀ ਗੀਤ ਮੇਰਾ ਏ
ਜੋ ਰੋ ਰੋ ਸਿਸਕੇਗਾ ਉਹ ਹੀ ਗੀਤ ਮੇਰਾ ਏ।।

## ਦੋਸਤ

ਜੀਵਨ ਭਰ ਕੌਣ ਕਿਸੇ ਨੂੰ ਯਾਦ ਰਖਦਾ ਏ,
ਵਕਤਾਂ ਨਾਲ ਸਭ ਰਿਸ਼ਤੇ ਬਦਲ ਜਾਂਦੇ ਨੇ।

ਸੁਖਾਂ ਦੇ ਵੇਲੇ ਦੋਸਤਾਂ ਦਾ ਝੁਰਮਟ ਰਹਿੰਦਾ ਏ
ਦੁਖਾਂ ਦੇ ਵੇਲੇ ਸਭ ਸਾਕ ਬਦਲ ਜਾਂਦੇ ਨੇ।

## ਮੇਰੀ ਮਹਬੂਬਾ

ਤੂੰ ਮੇਰੀ ਪੂਜਾ,
ਤੂੰ ਮੇਰਾ ਸ਼ਬਦ,
ਤੂੰ ਮੇਰੀ ਬੰਦਗੀ ਏ।
ਤੂੰ ਮੇਰੀ ਜਾਨ,
ਤੂੰ ਮੇਰਾ ਸਾਹ,
ਤੂੰ ਮੇਰੀ ਜ਼ਿੰਦਗੀ ਏ।

ਤੇਰਾ ਹੁਸਨ ਆਬਾਸਾਰਾਂ ਤੋਂ ਸੋਹਣਾ ਏ,
ਤੇਰਾ ਜਿਸਮ ਆਫਤਾਬਾਂ ਤੋਂ ਸੋਹਣਾ ਏ।
ਤੇਰੇ ਵਾਲ ਕਾਲੀ ਘਟਾ ਤੋਂ ਸੋਹਣੇ ਨੇ।
ਤੇਰੇ ਬੁਲ੍ਹ ਗੁਲਾਬੀ ਫੁਲਾਂ ਤੋਂ ਸੋਹਣੇ ਨੇ।

ਤੂੰ ਪੂਰੀ ਆਕਾਸ਼ਾਂ ਤੋਂ ਸੋਹਣੀ ਏ
ਤੂੰ ਸਾਰੀ ਪਾਤਾਲਾਂ ਤੋਂ ਸੋਹਣੀ ਏ।

ਤੇਰੇ ਬੋਲ ਸ਼ਹਿਦਾਂ ਤੋਂ ਮਿੱਠੇ ਨੇ।
ਤੇਰੇ ਗੀਤ ਸ਼ਬਦਾਂ ਤੋਂ ਮਿੱਠੇ ਨੇ।
ਤੂੰ ਵਫਾ ਦੀ ਅਮਿਟ ਨਿਸ਼ਾਨੀ ਏ
ਤੂੰ ਪਿਆਰ ਦੀ ਇਕ ਕਹਾਣੀ ਏ।

ਤੂੰ ਮੇਰੀ ਨਜ਼ਮ,
ਤੂੰ ਮੇਰੀ ਗਜ਼ਲ,
ਤੂੰ ਮੇਰੀ ਰੁਬਾਈ ਏ।
ਤੂੰ ਮੇਰੀ ਧੜਕਨ,
ਤੂੰ ਮੇਰਾ ਦਰਦ,

ਤੂੰ ਮੇਰੀ ਤਨਹਾਈ ਏ।
ਤੂੰ ਚੰਦ ਤੋਂ ਪਿਆਰੀ ਏ,
ਤੂੰ ਫੁਲਾਂ ਤੋਂ ਪਿਆਰੀ ਏ।
ਤੂੰ ਸਭ ਤੋਂ ਪਿਆਰੀ ਏ,
ਤੂੰ ਰਬ ਤੋਂ ਪਿਆਰੀ ਏ।
ਤੂੰ ਮੰਦਰ ਮੇਰਾ ਏ,
ਤੂੰ ਪੂਜਾ ਮੇਰੀ ਏ।
ਤੂੰ ਗੁਰਦਵਾਰਾ ਮੇਰਾ ਏ,
ਤੂੰ ਮਸਜਦ ਮੇਰੀ ਏ

ਕੋਈ ਝਖੜ ਆ ਜਾਵੇ,
ਕੋਈ ਹਨੇਰੀ ਆ ਜਾਵੇ।
ਤੂੰ ਫੇਰ ਵੀ ਆਵੇਗੀ,
ਤੂੰ ਮਿਲ ਕੇ ਜਾਵੇਗੀ।
ਤੂੰ ਹਰ ਪਲ ਮੇਰੀ ਏ,
ਮੈਂ ਹਰ ਪਲ ਤੇਰਾ ਹਾਂ।
ਤੂੰ ਹੀਰ ਸਿਆਲਾਂ ਦੀ,
ਮੈਂ ਰਾਂਝਾ ਤੇਰਾ ਹਾਂ।
ਤੂੰ ਸਾਹਿਬਾਂ ਮੇਰੀ ਏ,
ਮੈਂ ਮਿਰਜ਼ਾ ਤੇਰਾ ਹਾਂ।
ਤੂੰ ਲੈਲਾ ਮੇਰੀ ਏ,
ਮੈਂ ਮਜਨੂੰ ਤੇਰਾ ਹਾਂ।

ਤੂੰ ਮੇਰੀ ਪੂਜਾ,
ਤੂੰ ਮੇਰਾ ਸ਼ਬਦ
ਤੂੰ ਮੇਰੀ ਬੰਦਗੀ ਏ
ਤੂੰ ਮੇਰੀ ਜਾਨ,
ਤੂੰ ਮੇਰਾ ਸਾਹ,
ਤੂੰ ਮੇਰੀ ਜਿੰਦਗੀ ਏ।

## ਬਿਰਹਾ ਦੀ ਪੀੜ

ਸਰਘੀ ਵੇਲੇ ਸੁਪਨਾ ਡਿੱਠਾ
ਤੂੰ ਮੇਰੇ ਘਰ ਆਈਂ,
ਕਈ ਸ਼ਿਕਵੇ ਕਈ ਸ਼ਿਕਾਇਤਾਂ
ਤੂੰ, ਆਪਣੇ ਨਾਲ ਲਿਆਈ।।

ਲਾਲ ਰੰਗ ਦਾ ਲਹਿੰਗਾ ਤੇਰਾ,
ਕਾਲੇ ਰੰਗ ਦੀ ਚੋਲੀ,
ਕੰਨੀ ਝੁਮਕੇ, ਮੱਥੇ ਟਿਕਾ,
ਲੱਗੇ ਵਾਂਗ ਰੰਗੋਲ਼ੀ।

ਹੱਥੀਂ ਚੂੜਾ ਪੈਰੀ ਘੁੰਗਰੂ
ਵਾਲਾਂ ਵਿਚ ਚੰਬੇਲੀ।।
ਹੌਲੀ ਹੌਲੀ ਕਮਰੇ ਅੰਦਰ,
ਤੂੰ ਆ, ਮੰਜੇ ਤੇ ਬਹਿ ਗਈ।
ਰੋਂਦੀ ਰੋਂਦੀ ਪਿਆਰ 'ਚ ਭਿੱਜੇ,
ਗੀਤ ਬਿਰਹਾ ਦੇ ਕਹਿ ਗਈ।

ਫੇਰ ਤੂੰ ਆਪਣੇ ਗਰਮ ਹੋਠਾਂ ਨੂੰ,
ਮੇਰੇ ਖੁਸ਼ਕ, ਬੁੱਲਾਂ ਤੇ ਰਖਿਆ।
ਛਨ ਛਨ ਕਰਦੇ ਲਾਲ ਚੂੜੇ ਨੇ,
ਮੈਨੂੰ ਆ ਨੀਂਦ 'ਚ ਟੁੰਬਿਆ।
ਉਠ ਖਲੋਤਾ ਅਬੜਵਾਹੇ
ਮੈਂ ਘਬਰਾਇਆ ਹੋਇਆ।
ਬਿਟ ਬਿਟ ਤੱਕਾਂ, ਸਮਝ ਨਾ ਸ਼ੱਕਾਂ,
ਕੀ ਹੈ ਮੈਨੂੰ ਹੋਇਆ।

ਪਲ ਵਿਚ ਮੈਨੂੰ ਜ਼ੋਰ ਦੀ ਜਿੱਨੀ,
ਤੂੰ ਸੀਨੇ ਨਾਲ ਲਾਇਆ।
ਆਖੇ ਦੂਰ ਨਾ ਜਾਵੀਂ ਸਜਨਾ,
ਖਾ ਮੇਰੀ ਕਸਮ ਅਵੱਲੀ।
ਹਾਏ ਵੇ ਮੇਰੇ ਧੀਂਦੋ ਰਾਂਝੇ,
ਮਰ ਜਾਸੀ ਹੀਰ ਇਕੱਲੀ।

ਰੋਂਦੀ ਜਾਵੇ, ਕਹਿੰਦੀ ਜਾਵੇ,
ਤੂੰ ਮੇਰਾ ਮੈਂ ਤੇਰੀ।
ਪਾ ਗਲ ਬਾਹਾਂ ਘੁਟ ਲੈ ਮੈਨੂੰ,
ਹੁਣ ਪਲਾ ਨ ਲਾ ਤੂੰ ਦੇਰੀ।
ਹਿਜਰ ਤੇਰੇ 'ਚ, ਮਰ ਜਾਸੀ ਲੈਲਾ,
ਮੁੜ ਮਾਰੂਥਲ ਨਾ ਜਾਵੀਂ।
ਪਿਆਰ ਮੇਰੇ ਦੀ ਸੌਂਹ ਹੈ ਤੈਨੂੰ,
ਮੁੜ ਫੇਰ ਨਾ ਇੰਝ ਤੜਫਾਵੀਂ।

# ਤੇਰੀ ਅਮਾਨਤ

ਮੇਰੇ ਗੀਤ ਦਾ ਹਰ ਅੱਖਰ
ਹਰ ਸੱਤਰ,
ਤੇਰੇ ਪਿਆਰ ਦੀ ਅਮਾਨਤ ਸੀ,
ਮੈਂ ਤਾਂ ਹਰ ਸ਼ੇਅਰ,
ਸਿਰਫ ਤੇਰੇ ਲਈ ਲਿਖਿਆ ਸੀ,
ਮੇਰਾ ਹਰ ਗੀਤ ਭਾਵੇਂ,
ਹੁਣ ਦੁਨੀਆ ਗਾਂਦੀ ਏ,
ਪਰ ਮੈਂ ਤਾਂ ਹਰ ਗੀਤ
ਸਿਰਫ ਤੇਰੇ ਲਈ ਲਿਖਿਆ ਸੀ।।

ਮੈਂ ਸ਼ਾਇਰ ਤੇਰਾ ਸੀ,
ਮੈਂ ਲਿਖਾਰੀ ਤੇਰਾ ਹਾਂ।
ਤੂੰ ਨਜ਼ਮ ਮੇਰੀ ਸੈਂ,
ਤੂੰ ਗਜ਼ਲ ਮੇਰੀ ਹੈ,
ਮੈਂ ਪਿਆਰ ਤੇਰਾ ਸੀ,
ਮੈਂ ਇਕਰਾਰ ਤੇਰਾ ਹਾਂ
ਤੂੰ ਉਲਫਤ ਮੇਰੀ ਸੈਂ,
ਤੂੰ ਚਾਹਤ ਮੇਰੀ ਹੈ।
ਮੇਰਾ ਹਰ ਖਿਆਲ
ਤੇਰੇ ਪਿਆਰ ਦੀ ਅਮਾਨਤ ਸੀ,
ਮੈਂ ਤਾਂ ਹਰ ਸ਼ਬਦ ਸਿਰਫ
ਤੇਰੇ ਲਈ ਲਿਖਿਆ ਸੀ।

ਅਜ ਗੀਤ ਮੇਰੇ, ਸਭ,
ਦੁਨੀਆ ਕਿਉਂ ਗਾ ਬੈਠੀ ਏ ?

ਹਰ ਗਜ਼ਲ ਮੇਰੀ
ਇਹ ਦੁਨੀਆ, ਕਿਉ ਸੁਣ ਬੈਠੀ ਏ, ?
ਪਰ ਪੁਛ ਲੈ, ਤੂੰ ਰਬ ਸਾਂਝੇ ਤੋਂ,
ਇਹ ਮੇਰਾ, ਸਭ ਕੁਝ ਤੇਰਾ ਹੈ।
ਇਹ, ਗਜ਼ਲ ਤੇਰੀ ਸੀ
ਇਹ ਗੀਤ ਤੇਰਾ ਹੈ।

ਮੇਰਾ ਹਰ ਸੁਪਨਾ
ਤੇਰੇ ਪਿਆਰ ਦੀ ਅਮਾਨਤ ਸੀ,
ਮੈਂ ਹਰ ਖ਼ਾਬ ਸਿਰਫ
ਤੇਰੇ ਲਈ ਤਕਿਆ ਸੀ।
ਮੇਰੇ ਗੀਤ ਦਾ ਹਰ ਅੱਖਰ
ਹਰ ਸੱਤਰ, ਤੇਰੇ ਪਿਆਰ ਦੀ ਅਮਾਨਤ ਸੀ,

ਮੈਂ ਤਾਂ, ਹਰ ਗੀਤ ਹਰ ਸ਼ੇਅਰ,
ਸਿਰਫ ਤੇਰੇ ਲਈ ਲਿਖਿਆ ਸੀ।

# ਯਾਦਾਂ

ਕਲ :
ਇਕ ਰੁਖ ਦੀ ਛਾਂ ਹੇਠਾਂ,
ਤਨਹਾ ਬੈਠਾ ਮੈਂ ਸੋਚਦਾ ਹਾਂ,

ਉਹ ਵੀ ਤਾਂ ਵੇਲਾ ਸੀ,
ਜਦ ਅਸੀਂ ਇਕੱਠੇ ਸੀ।
ਹਰ ਪਲ ਅਸਾਡਾ ਸੀ,
ਹਰ ਘੜੀ ਅਸਾਡੀ ਸੀ,
ਅਸੀਂ ਜਿਥੇ ਜਾ ਬਹਿੰਦੇ,
ਉਹ ਧਰਤੀ ਸਾਡੀ ਸੀ।

ਆਕਾਸ਼ ਵੀ ਅਪਣਾ ਸੀ,
ਜ਼ਮੀਨ ਵੀ ਅਪਣੀ ਸੀ,
ਫਲ ਵੀ ਅਪਣੇ ਸੀ,
ਸੁਗੰਧ ਵੀ ਆਪਣੀ ਸੀ,
ਝੀਲ ਵੀ ਆਪਣੀ ਸੀ,
ਲਹਿਰ ਵੀ ਆਪਣੀ ਸੀ।

ਸ਼ੋਰ ਵੀ ਆਪਣਾ ਸੀ,
ਚੁਪ ਵੀ ਆਪਣੀ ਸੀ
ਸਵੇਰ ਵੀ ਆਪਣੀ ਸੀ,
ਸ਼ਾਮ ਵੀ ਆਪਣੀ ਸੀ,
ਪਹਾੜ ਵੀ ਆਪਣੇ ਸੀ,
ਪੇੜ ਵੀ ਆਪਣੇ ਸੀ,
ਪੱਥਰ ਵੀ ਆਪਣੇ ਸੀ,

ਪੱਤੇ ਵੀ ਆਪਣੇ ਸੀ
ਸਭ ਕੁਝ ਆਪਣਾ ਸੀ,
ਜਦ ਤੂੰ-ਮੈਂ ਆਪਣੇ ਸੀ

ਅਸੀ ਹਰ ਥਾਂ ਮਿਲਦੇ ਸੀ,
ਅਸੀਂ ਹਰ ਥਾਂ ਜਾਂਦੇ ਸੀ
ਅਸੀਂ ਹਰ ਥਾਂ ਹਸਦੇ ਸੀ,
ਅਸੀ ਹਰ ਥਾਂ ਗਾਂਦੇ ਸੀ,
ਸੂਰਜ ਵੀ ਆਪਣਾ ਸੀ,
ਚੰਦ ਵੀ ਆਪਣਾ ਸੀ,
ਪ੍ਰਕਾਸ਼ ਵੀ ਆਪਣਾ ਸੀ,
ਅੰਧੇਰਾ ਵੀ ਆਪਣਾ ਸੀ,
ਹਾਸੇ ਵੀ ਆਪਣੇ ਸੀ,
ਮੁਸਕਾਨ ਵੀ ਆਪਣੀ ਸੀ,
ਸਿਸਕੀ ਵੀ ਆਪਣੀ ਸੀ,
ਹੰਝੂ ਵੀ ਆਪਣੇ ਸੀ,
ਧੁਪ ਵੀ ਆਪਣੀ ਸੀ,
ਛਾਂ ਵੀ ਆਪਣੀ ਸੀ,

ਤਾਰੇ ਵੀ ਆਪਣੇ ਸੀ,
ਪਰਛਾਵੇਂ ਆਪਣੇ ਸੀ,
ਸੁਰ ਵੀ ਆਪਣੀ ਸੀ,
ਗੀਤ ਵੀ ਆਪਣਾ ਸੀ,
ਵੰਝਲੀ ਵੀ ਆਪਣੀ ਸੀ,
ਬਹਾਰ ਵੀ ਆਪਣੀ ਸੀ,
ਹਨੇਰੀ ਵੀ ਆਪਣੀ ਸੀ,
ਝਖੜਾ ਵੀ ਆਪਣਾ ਸੀ,
ਬਰਸਾਤ ਵੀ ਆਪਣੀ ਸੀ,
ਤੂਫਾਨ ਵੀ ਆਪਣਾ ਸੀ,

ਅਸੀ ਹਰ ਥਾਂ ਮਿਲਦੇ ਸੀ,
ਅਸੀ ਹਰ ਥਾਂ ਜਾਂਦੇ ਸੀ।
ਅਸੀ ਹਰ ਥਾਂ ਹਸਦੇ ਸੀ,
ਅਸੀ ਹਰ ਥਾਂ ਗਾਂਦੇ ਸੀ।।

ਮੈਂ ਜਦ ਰੁਸਦਾ ਸਾਂ,
ਤੂੰ ਝਟ ਮਨਾਉਂਦੀ ਸੈਂ,
ਲਾ ਲਾ ਗਲ ਆਪਣੇ,
ਕਈ ਪਜ ਬਨਾਉਂਦੀ ਸੈਂ,
ਫੇਰ ਥਰਕਦੇ ਬੁਲ੍ਹਾਂ ਨਾਲ,
ਮੇਰੇ ਹੰਝੂ ਪੀਂਦੀ ਸੈਂ,
ਤੇ ਕੰਬਦੇ ਸਾਹਾਂ ਨਾਲ,
ਕਈ ਸੁਨੇਹੇ ਦਿੰਦੀ ਸੈਂ:
ਮੈਂ ਸਾਜਨ ਤੇਰੀ ਹਾਂ,
ਮੈਂ ਰਾਂਝਨ ਤੇਰੀ ਹਾਂ,
ਜਦ ਤਾਂਈ ਜਾਨ ਰਹੇਗੀ,
ਮੈਂ ਹਰ ਦਮ ਤੇਰੀ ਹਾਂ,
ਤੂੰ ਮੇਰੇ ਸਪਨੇ ਦਾ,
ਇਕ ਸੋਹਣਾ ਰਾਜਾ ਏ,
ਤੂੰ ਮੇਰੀ ਕਿਸਮਤ ਦਾ,
ਦੋਏਂ ਚੰਦ ਤੇ ਤਾਰਾ ਏ।

ਤੂੰ ਸਾਥੀ ਮੇਰਾ ਏ,
ਤੂੰ ਗਭਰੂ ਮੇਰਾ ਏਂ
ਤੂੰ ਹਾਸਾ ਮੇਰਾ ਏ
ਤੂੰ ਅਥਰੂ ਮੇਰਾ ਏਂ,
ਤੂੰ ਸ਼ਾਇਰ ਮੇਰਾ ਏ
ਤੂੰ ਨਗਮਾਂ ਮੇਰਾ ਏ,
ਤੂੰ ਕਵਿਤਾ ਮੇਰੀ ਏ
ਤੂੰ ਸ਼ੇਅਰ ਮੇਰਾ ਏ,

ਦੋ ਜਹਾਨ ਦੇ ਵਾਲੀ ਤੋਂ,
ਮੈਂ ਤੈਨੂੰ ਮੰਗ ਬੈਠੀ ਹਾਂ,
ਤੈਨੂੰ ਅਪਨਾਵਨ ਦੀ,
ਮੈਂ ਬਾਜ਼ੀ, ਲਾ ਬੈਠੀ ਹਾਂ।।

ਤੇਰੇ ਗੁਵਾਚੇ ਵਾਹਦੇ ਨੂੰ,
ਮੈਂ ਅਜ ਪਿਆ ਲਭਦਾ ਹਾਂ,
ਤੇਰੇ ਭੁਲੇ ਇਕਰਾਰਾਂ ਨੂੰ,

## ਮੈਂ ਅਜ ਪਿਆ ਲਭਦਾ ਹਾਂ

ਤੂੰ ਕਾਹਨੂੰ ਰੁਸ ਗਈ ?
ਤੂੰ ਕਾਹਨੂੰ ਟੁਰ ਗਈ ?
ਕੋਈ ਮੈਨੂੰ ਕਹਿ ਜਾਵੇ,
ਕੋਈ ਮੈਨੂੰ ਦਸ ਜਾਵੇ ?
ਮੈਂ ਅਜ ਵੀ, ਤੇਰੇ ਰਾਹਾਂ ਤੇ
ਸੇਜ ਵਿਛਾਈ ਬੈਠਾ ਹਾਂ,
ਮੈਂ ਅਜ ਵੀ ਤੇਰੇ ਕਦਮਾਂ ਤੇ
ਨਜ਼ਰ ਝੁਕਾਈ ਬੈਠਾ ਹਾਂ,

ਸ਼ਾਇਦ ਭੁੱਲੇ ਭਟਕੇ ਹੀ
ਤੂੰ ਇਧਰ ਦੀ ਲੰਘ ਜਾਵੇ
ਆਪਣੇ ਵਿਸਰੇ ਸਾਥੀ ਨੂੰ
ਫਿਰ ਆ ਘੁਟ ਆਪਣੇ ਗਲ ਲਾਵੇਂ।

## ਇਕ ਟੀਸ

ਕਲ ਰਾਤ,
ਮੈਨੂੰ ਤੇਰੀ ਬਹੁਤ ਯਾਦ ਆਈ,
ਜਦ ਮੈਂ ਤੈਨੂੰ, ਸੁਪਨੇ ਵਿਚ,
ਗੈਰ ਦੀਆਂ ਬਾਹਾਂ ਵਿਚ ਤਕਿਆ।
ਮੇਰੇ ਰੋਮ ਰੋਮ ਵਿਚ
ਅੱਗ ਦੇ ਭਾਂਭੜ ਬਲ ਉੱਠੇ,
ਜਦ ਮੈਂ ਤੈਨੂੰ ਹਸਦਿਆਂ
ਕਿਸੇ, ਗੈਰ ਦੀਆਂ
ਬਾਹਾਂ ਵਿਚ ਤਕਿਆ ਸੀ।

ਤੇਰੀਆ ਅੱਖਾਂ, ਤੇਰਾ ਜਿਸਮ, ਤੇਰੀਆ ਬਾਹਾਂ,
ਸਿਰਫ ਮੇਰੀ ਅਮਾਨਤ ਏ,
ਇਸ ਤੇ ਕਿਸੇ ਹੋਰ ਦਾ
ਹਕ ਨਹੀਂ ਹੋ ਸਕਦਾ।

ਤੇਰਾ ਪਿਆਰ ਤੇਰੀ ਰੂਹ,
ਸਿਰਫ ਮੇਰੇ ਲਈ ਜਨਮੀ ਸੀ
ਇਸ ਤੇ ਕਿਸੇ ਹੋਰ ਦਾ
ਅਧਿਕਾਰ ਹੋ ਨਹੀਂ ਸਕਦਾ।

ਤੂੰ ਦਸ ਮੈਨੂੰ
ਕੀ ਸੁਪਨੇ ਸਚ ਦੀ ਤਸਵੀਰ ਹੁੰਦੇ ਨੇ ?
ਜਾਂ ਇਨਸਾਨ ਦੀ
ਸੋਚ ਦੀ ਤਕਦੀਰ ਹੁੰਦੇ ਨੇ ?
ਮੈਨੂੰ ਤੇਰੇ ਜਵਾਬ ਦੀ ਉਡੀਕ ਰਹੇਗੀ,

ਤੂੰ ਜਾਨਦੀ ਏਂ
ਤੇਰੇ ਬੋਲ
ਮੇਰੇ ਖ਼ਾਬਾਂ ਦੀ ਤਕਦੀਰ ਹੁੰਦੇ ਨੇ।

# ਪਿਆਰ

ਪਿਆਰ ਤਾਂ ਰਬ ਦੀ
ਸਭ ਤੋਂ ਵਡਮੁੱਲੀ ਦਾਤ ਹੈ,
ਇਹ ਹਰ ਇਕ ਦੇ ਕਰਮਾਂ,
ਲੇਖਾਂ ਵਿਚ ਨਹੀਂ ਹੁੰਦਾ।
ਪਿਆਰ ਤਾਂ ਜੀਵਨ ਦੇ
ਸਭ ਰੰਗਾਂ ਦਾ ਸੰਗਮ ਹੈ,
ਇਹ ਹਰ ਇਕ ਦੇ
ਹਥ ਦੀ ਰੇਖਾਂ ਵਿਚ ਨਹੀਂ ਹੁੰਦਾ।

ਪਿਆਰ ਭਾਵੇਂ
ਦੁਖਾਂ ਦਾ ਚਸ਼ਮਾ ਹੀ ਸਹੀ,
ਪਿਆਰ ਭਾਵੇਂ
ਹੰਝੂਆਂ ਦਾ ਦਰਿਆ ਹੀ ਸਹੀ,
ਪਿਆਰ ਭਾਵੇਂ
ਉਡੀਕ ਦੀ ਪੀੜਾ ਹੀ ਸਹੀ,
ਪਿਆਰ ਭਾਵੇਂ
ਵਿਸ਼ ਇਸ ਦਾ ਪਿਆਲਾ ਹੀ ਸਹੀ,

ਪਿਆਰ ਭਾਵੇਂ ਸੋਹਣੀ ਲਈ
ਝਣਾਂ ਦੀਆਂ ਲਹਿਰਾਂ ਹੀ ਸਹੀ,
ਪਿਆਰ ਭਾਵੇਂ ਹੀਰ ਲਈ
ਕਬਰ ਦਾ ਘੁਪ ਹਨੇਰਾ ਹੀ ਸਹੀ,

ਪਿਆਰ ਭਾਵੇਂ ਮੀਰਾ ਲਈ
ਚਿਤਾ ਦੀ ਕਾਲੀ ਰਾਖ ਹੀ ਸਹੀ

ਪਿਆਰ ਭਾਵੇਂ ਸੱਸੀ ਲਈ
ਸੈਹਰਾ ਦੀ ਤਪਦੀ ਰੇਤ ਦੀ ਸਹੀ,

ਪਰ ਪਿਆਰ ਫੇਰ ਵੀ ਰਬ ਦੀ
ਸਭ ਤੋਂ ਵਡੀ ਬਖ਼ਸ਼ਿਸ਼ ਹੈ, ਕਰਮ ਹੈ
ਇਹ ਹਰ ਇਕ ਦੇ
ਕਰਮਾਂ, ਲੇਖਾਂ ਵਿੰਚ ਨਹੀਂ ਹੁੰਦਾ।
ਪਿਆਰ ਤਾਂ ਜੀਵਨ ਦੇ
ਸਭ ਰੰਗਾਂ ਦਾ ਸੰਗਮ ਹੈ,
ਇਹ ਹਰ ਇਕ ਦੇ
ਹਥ ਦੀ ਰੇਖਾ ਵਿਚ ਨਹੀਂ ਹੁੰਦਾ।

# ਕੁਝ ਸਵਾਲ

ਅਜ ਮੈਂ ਤੈਨੂੰ
ਇਕ ਸਵਾਲ ਪੁਛਨ ਆਇਆ ਹਾਂ,
ਕੀ ? ਜੇ ਮੈਂ ਸ਼ਾਇਰ ਨਾ ਹੁੰਦਾ ,
ਤਾਂ ਵੀਂ, ਤੂੰ ਮੈਨੂੰ ਪਿਆਰ ਕਰਦੀ ?
ਜੀਵਨ ਦੀਆਂ ਵੀਰਾਨ ਰਾਹਾਂ ਤੇ,
ਕੀ ? ਜੇ ਮੈਂ ਇਕੱਲਾ ਨਾ ਹੁੰਦਾ,
ਤਾਂ ਵੀ, ਤੂੰ ਮੈਨੂੰ ਪਿਆਰ ਕਰਦੀ ?

ਮੇਰੀ ਗਜ਼ਲ, ਮੇਰੀ ਕਵਿਤਾ,
ਮੇਰੀ ਕਹਾਣੀ,
ਇਕ ਦਰਦ ਹੈ, ਇਕ ਟੀਸ ਹੈ ਇਕ ਪੀੜ ਹੈ,
ਕੀ ਜੇ ਮੈਂ ਫਨਕਾਰ ਨਾ ਹੁੰਦਾ,
ਤਾਂ ਵੀ, ਤੂੰ ਮੈਨੂੰ ਪਿਆਰ ਕਰਦੀ ?

ਹਰ ਸਾਵਨ,
ਹਰ ਪਤਝੜ, ਮੈਂ ਤੈਨੂੰ ਯਾਦ ਕੀਤਾ ਹੈ
ਹਰ ਰਾਤ, ਹਰ ਸੁਭਾਹ
ਮੈਂ ਤੈਨੂੰ ਯਾਦ ਕੀਤਾ ਹੈ,
ਕੀ ਜੇ ਮੈਂ ਆਸ਼ਕ ਨਾ ਹੁੰਦਾ,
ਤਾਂ ਵੀਂ, ਤੂੰ ਮੈਨੂੰ ਪਿਆਰ ਕਰਦੀ ?

# ਕੁਝ ਸ਼ੇਅਰ

ਕਦੀ ਕਦੀ ਮੇਰਾ,
ਤੇਰੇ ਨਾਲ ਰੁਸਨ ਨੂੰ ਜੀਅ ਕਰਦਾ ਏ,
ਪਰ ਜੇ ਤੂੰ
ਮਨਾਉਣਾ ਭੁਲ ਗਈ ਤਾਂ ਮੈਂ ਕੀ ਕਰਾਂਗਾ ?

ਜੀਵਨ ਵਿਚ ਕਈ ਵਾਰ
ਇੰਝ ਵੀ ਹੋਇਆ ਏ,
ਜਦ ਤੇਰੇ ਬੋਲਾਂ ਨੇ
ਦਿਲ ਤੇ ਜ਼ਖਮ ਲਾਇਆ ਏ

ਤੂੰ ਭਾਵੇਂ ਮੇਰੇ ਨਾਲ
ਜੀਵਨ ਸਾਂਝ ਬਣਾ ਨਹੀਂ ਸਕੀ,
ਪਰ ਮੈਂ ਫੇਰ ਵੀ ਤੈਨੂੰ
ਆਪਣੇ ਖ਼ਾਬਾਂ ਦੀ ਤਾਬੀਰ ਸਮਝਦਾ ਹਾਂ।

ਕਈ ਵਾਰੀ
ਜਦ ਮੇਰੇ ਅਸਰਾਰ ਤੇ ਵੀ,
ਤੂੰ ਮੈਨੂੰ ਚੰਨ ਨਹੀਂ ਕਹਿੰਦੀ,
ਤਾਂ ਜੀਵਨ ਨੂੰ ਮੁਕੰਮਲ ਬਰਬਾਦ
ਕਰਨ ਨੂੰ ਜੀ ਤੜਪ ਉਠਦਾ ਏ।

ਤੂੰ ਸਮਝ ਨਹੀਂ ਸਕਦੀ,
ਮੈਂ ਤੈਨੂੰ ਕਿੰਨਾ ਪਿਆਰ ਕਰਦਾ ਹਾਂ,
ਕਿਉਂਕਿ ਤੂੰ ਕਦੀ ਕਿਸੇ ਨੂੰ
ਦਿਲ ਤੋਂ ਚਾਹਿਆ ਹੀ ਨਹੀਂ।

# ਉਦਾਸੀ

ਅਜ ਮੈਂ ਉਦਾਸ ਹਾਂ,
ਤੇ ਉਦਾਸੀ ਦੀ ਕੋਈ ਵਜਾਹ ਵੀ ਨਹੀਂ,
ਅਜ ਮੈਂ ਦੁਖੀ ਹਾਂ,
ਤੇ ਦੁਖੀ ਹੋਣ ਦੀ ਕੋਈ ਵਜਾਹ ਵੀ ਨਹੀਂ।
ਕਿਉਂ ਰੋਣ ਨੂੰ ਜੀ ਕਰਦਾ ਏ ਅਜ ਮੇਰਾ,
ਮੈਂ ਤੜਪ ਰਿਹਾ ਹਾਂ,
ਤੇ ਤੜਪਨ  ਦੀ ਕੋਈ ਵਜਾਹ ਵੀ ਨਹੀਂ।

ਤੂੰ ਮਿਲ ਕੇ ਵਿਛੜ ਜਾਂਦੀ ਏ,
ਸ਼ਾਇਦ ਇਹ ਹੀ ਕਾਰਨ ਏ,
ਤੂੰ ਬੋਲ ਕੇ ਚੁਪ ਹੋ ਜਾਂਦੀ ਏ,
ਸ਼ਾਇਦ ਇਹ ਹੀ ਕਾਰਨ ਏ,
ਤੂੰ ਹਸਦੀ ਹਸਦੀ ਰੋ ਪੈਂਦੀ ਏਂ,
ਸ਼ਾਇਦ ਇਹ ਹੀ ਕਾਰਨ ਏ,
ਅਨਕਹੇ ਗਮਾਂ 'ਚ ਖੋ ਜਾਂਦੀ ਏ,
ਸ਼ਾਇਦ ਇਹ ਹੀ ਕਾਰਨ ਏ,

ਅਜ ਮੈਂ ਰੋ ਰਿਹਾ ਹਾਂ,
ਤੇ ਰੋਣ ਦੀ ਕੋਈ ਵਜਾਹ ਵੀ ਨਹੀਂ
ਅਜ ਮੈਂ ਉਦਾਸ ਹਾਂ,
ਤੇ ਉਦਾਸੀ ਦੀ ਕੋਈ ਵਜਾਹ ਵੀ ਨਹੀਂ

ਤੂੰ ਮਿਲਦੀ ਹੈਂ
ਤਾਂ ਵਿਛੜਨ ਦੀ
ਧੜਕ ਬਨੀ ਰਹਿੰਦੀ ਹੈ,

ਤੂੰ ਨਹੀਂ ਮਿਲਦੀ ਤਾਂ
ਮਿਲਣ ਦੀ ਤਾਂਘ ਬਣੀ ਰਹਿੰਦੀ ਹੈ,
ਤੂੰ ਖਤ ਨਹੀਂ ਲਿਖਦੀ
ਤਾਂ ਲਿਖਤ ਦੀ ਪੀੜਾ ਸਹਿੰਦੀ ਏ,
ਤੂੰ ਖਤ ਨਹੀਂ ਲਿਖਦੀ
ਤਾਂ ਬਿਰਹਾ ਦੀ ਪੀੜਾ ਰਹਿੰਦੀ ਹੈ
ਮੈਂ ਕੀ ਕਰਾਂ
ਹਰ ਪਾਸੇ ਦੁਖ ਹੀ ਦੁਖ ਹੈ
ਕੋਈ ਸੁਖ ਨਹੀਂ

ਅਜ ਮੈਂ ਫੇਰ ਦੁਖੀ ਹਾਂ,
ਤੇ ਦੁਖੀ ਹੋਣ ਦੀ ਕੋਈ ਵਜਾਹ ਵੀ ਨਹੀਂ,
ਅਜ ਮੈਂ ਫੇਰ ਉਦਾਸ ਹਾਂ,
ਤੇ ਉਦਾਸ ਹੋਣ ਦੀ ਕੋਈ ਵਜਾਹ ਵੀ ਨਹੀਂ।

## ਪਹਿਲੀ ਵਾਰ

ਅਜ ਪਹਿਲੀ ਵਾਰ,
ਮੈਂ ਆਪਣੇ ਦਿਲ ਦੇ
ਟੁਟਣ ਦੀ ਆਵਾਜ਼ ਸੁਣੀ ਸੀ,
ਅਤੇ ਇਸ ਟੁਟ-ਭਜ ਵਿਚ
ਇਕ ਲੁਕੀ ਛੁਪੀ ਕਰਕਰਾਹਟ ਵੀ ਸੀ।
ਅਜ ਪਹਿਲੀ ਵਾਰ ਮੈਂ
ਆਪਣੇ ਦਿਲ ਦੇ ਰੋਣ ਦੀ ਆਵਾਜ਼ ਸੁਣੀ,
ਅਤੇ ਇਸ ਰੋਣ ਧੋਣ ਵਿਚ,
ਇਕ ਨੱਪੀ ਦੱਬੀ ਮੁਸਕਰਾਹਟ ਵੀ ਸੀ।

ਤੇਰੇ ਨਾਲ ਪਿਆਰ ਪਾ ਕੇ,
ਮੈਂ ਸੋਚਿਆ ਸੀ,
ਹੁਣ ਜੀਵਨ ਦੀ ਹਰ ਸ਼ਾਮ,
ਖੁਸ਼ਗਵਾਰ ਗੁਜ਼ਰੇਗੀ।
ਤੈਨੂੰ ਆਪਨੀ ਚਾਂਦਨੀ ਬ੍ਰਨਾਕੇ,
ਮੈਂ ਸੋਚਿਆ ਸੀ
ਹੁਣ ਮੇਰੀ ਹਰ ਰਾਤ,
ਪੁੰਨਿਆ ਦੀ ਰਾਤ ਗੁਜ਼ਰੇਗੀ।

ਅਮਾਵਸ ਦੇ ਹਨੇਰੇ
ਅਤੇ ਪਤਝੜ ਦੀ ਵਿਰਾਨਗੀ,
ਮਾਰੂਥਲ ਦੀ ਤਪਸ਼,
ਅਤੇ ਚਨਾਬਾਂ ਦੀ ਰਵਾਨਗੀ
ਮੇਰੇ ਜੀਵਨ 'ਚ ਨਿਕਲ ਕੇ,
ਦੂਰ ਟੁਰ ਜਾਵਣਗੇ

ਮੇਰੀ ਹਰ ਘੜੀ, ਹੁਣ ਮੇਰੇ ਹਮਰਾਹ,
ਤੇਰੇ ਨਾਲ ਗੁਜ਼ਰੇਗੀ।

ਪਰ ਪਤਾ ਨਹੀਂ ਕਿਉਂ,
ਇੰਝ ਹੋ ਨਹੀਂ ਸਕਿਆ,
ਤੂੰ ਮੇਰੇ ਕੋਲ ਆ ਨਹੀਂ ਸਕੀ,
ਮੈਂ ਤੇਰੇ ਕੋਲ ਜਾ ਨਹੀਂ ਸਕਿਆ।
ਜਾਨ ਤੜਪਦੀ ਰਹਿ ਗਈ ਏ,
ਉਜੜੇ ਬਾਗ ਦੇ ਵਾਂਗੂੰ
ਜ਼ਿੰਦਗੀ ਭਟਕਦੀ ਰਹਿ ਗਏ ਏ,
ਬੇਜਾਨ ਰਾਗ ਦੇ ਵਾਂਗੂੰ

# ਕਿਉਂ ?

ਜੀਵਨ ਵਿਚ ਪਤਝੜ
ਕਿਉਂ ਆਉਂਦੀ ਏ,
ਸਦਾ ਬਸੰਤ ਤੇ ਸਾਵਨ
ਕਿਉਂ ਨਹੀਂ ਰਹਿੰਦੇ।

ਜੀਵਨ ਵਿਚ
ਦੁਖ-ਦਰਦ ਕਿਉਂ ਆਉਂਦੇ ਨੇ
ਸਦਾ ਹਰਿਆਵਲ
ਤੇ ਸੁਖ ਕਿਉਂ ਨਹੀਂ ਰਹਿੰਦੇ।

ਜ਼ਿੰਦਗੀ ਔਕੜਾਂ ਦਾ
ਸੰਗਮ ਹੁੰਦੀ ਏ
ਖੁਸ਼ੀ ਕੁਝ ਕੁ ਪਲਾਂ ਲਈ ਹੀ ਆਉਂਦੀ ਏ
ਉਲਫਤ ਮੁਸੀਬਤਾਂ ਦਾ ਤੋੜ ਹੁੰਦੀ ਏ
ਇਹ, ਕਿਸਮਤ ਵਾਲਿਆਂ ਦੇ
ਹਿੱਸੇ ਵਿਚ, ਹੀ ਆਉਂਦੀ ਏ।

ਰੋਣਾ-ਧੋਣਾ ਕਿਸਮਤਾਂ ਦਾ ਸੌਦਾ ਹੁੰਦਾ ਏ
ਬਹਾਰ ਕੁਝ ਕੁ ਪਲਾਂ ਲਈ ਹੀ ਆਉਂਦੀ ਏ
ਯਾਰੀ ਦੋਸਤੀ ਤਕਲੀਫਾਂ ਦਾ ਤੋੜ ਹੁੰਦੀ ਏ
ਇਹ ਕਿਸਮਤ ਵਾਲਿਆਂ ਦੇ
ਹਿੱਸੇ ਵਿਚ ਹੀ ਆਉਂਦੀ ਏ।

# ਕਦੀ ਕਦੀ

ਕਦੀ ਕਦੀ ਮੈਂ ਸੋਚਦਾ ਹਾਂ,
ਕਿ ਜਿੰਦਗੀ ਵਿਚ,
ਮਨੁਖ ਨੂੰ ਸਭ ਕੁਝ
ਤੇ ਨਹੀਂ ਮਿਲ ਜਾਂਦਾ।

ਦੁਖ ਦਰਦ ਦੀਆਂ ਤੇਜ਼ ਹਵਾਵਾਂ ਤੋਂ
ਨਿਗੋੜਾ ਸੁਖ ਕਿਉਂ, ਨਹੀਂ ਬਚ ਪੈਂਦਾ।
ਕੀ ਹੁੰਦਾ ਜੇ ਹੀਰ ਰਾਂਝੇ ਨੂੰ ਮਿਲ ਜਾਂਦੀ,
ਸੱਸੀ ਪੰਨੂ ਨੂੰ,
ਤੇ ਲੈਲਾ ਮਜਨੂੰ ਨੂੰ ਮਿਲ ਜਾਂਦੀ
ਹੋਰ ਦੁਖ ਬਥੇਰੇ ਸਨ
ਉਹਨਾਂ ਨੂੰ ਮਿਟਾਉਣ ਲਈ,
ਹੋਰ ਦਰਦ ਬਥੇਰੇ ਸਨ
ਉਹਨਾਂ ਨੂੰ ਤੜਫਾਉਣ ਲਈ।

ਜ਼ਿੰਦਗੀ ਦੀ ਤਲਖ਼ ਹਕੀਕਤ ਤੋਂ
ਕੋਰਾ ਪਿਆਰ ਕਿਵੇਂ ਬਚ ਪੈਂਦਾ।

ਉਡੀਕ, ਪੀੜਾਂ
ਤੇ ਤੜਪ ਨਿਸ਼ਾਨੀ ਹੈ ਉਲਫਤ ਦੀ,
ਦੁਖ ਦਰਦ ਤੇ ਰੋਣਾ
ਇਹ ਕਹਾਣੀ ਏ ਕਿਸਮਤ ਦੀ
ਜੀਵਨ ਦਾ ਸਭ ਸੰਘਰਸ਼,
ਅਫਸਾਨੇ ਦਾ ਅੰਜਾਮ ਹੈ,
ਰਾਤ ਦਿਨ ਦਾ ਆਉਣਾ, ਜਾਣਾ

ਕੁਦਰਤ ਦਾ ਨਿਜ਼ਾਮ ਹੈ।

ਪਤਝੜ ਦੇ ਢੱਠੇ ਪੱਤਿਆਂ ਨਾਲ
ਸੁਕਾ ਸਾਵਣ ਕਿਵੇਂ ਖਿੜ ਜਾਂਦਾ।

ਜ਼ਿੰਦਗੀ, ਦੁਖ ਦਰਦ ਤੋਂ
ਇਲਾਵਾ, ਕੁਝ ਵੀ ਨਹੀਂ,
ਪਿਆਰ ਕੁਝ ਵੀ ਨਹੀਂ
ਇਕਰਾਰ ਕੁਝ ਵੀ ਨਹੀਂ,
ਦੋਸਤੀ ਕੁਝ ਵੀ ਨਹੀਂ,
ਯਾਰੀ ਕੁਝ ਵੀ ਨਹੀਂ
ਰਿਸ਼ਤੇ ਕੁਝ ਵੀ ਨਹੀਂ
ਸਾਥੀ ਕੁਝ ਵੀ ਨਹੀਂ।
ਤਤੀ ਚਿਤਾ ਦੀ ਰਾਖ ਦੇ ਨਾਲ
ਦਿਲ ਆਪਣੀ ਮਾਂਗ ਕਿਵੇਂ ਭੁਰ ਲੈਂਦਾ
ਕਦੀ ਕਦੀ ਮੈਂ ਸੋਚਦਾ ਹਾਂ ਕਿ
ਜ਼ਿੰਦਗੀ ਵਿਚ ਮਨੁਖ ਨੂੰ
ਸਭ ਕੁਝ ਤੇ ਨਹੀਂ ਮਿਲ ਜਾਂਦਾ।

# ਸਚਾਈ

ਸੋਚਦਾ ਸਾਂ ਮੇਰਾ ਹਰ ਪਲ
ਮੇਰਾ ਹਰ ਛਿਣ ਤੇਰੀ ਅਮਾਨਤ ਹੈ,
ਮੈਨੂੰ ਹਰ ਘੜੀ,
ਹਰ ਪਹਿਰ ਤੇਰੇ ਨਾਲ ਮੁਹਬੱਤ ਹੈ।

ਪਰ ਇਹ ਝੂਠ ਹੈ, ਗਲਤ ਹੈ
ਮੈਂ ਆਪਣੇ ਪਾਪ ਦਾ ਇਤਰਾਫ ਕਰਨ ਆਇਆ ਹਾਂ,
ਵਕਤ ਦੇ ਨਵੇਂ ਮੋੜ ਤੇ
ਨੀਰਜ ਜੀਵਨ ਦੀ,
ਹਕੀਕਤ ਬਿਆਨ ਕਰਨ ਆਇਆ ਹਾਂ।
ਮੇਰੇ ਰਾਹ ਉਲਝ ਗਏ ਨੇ
ਮੇਰੇ ਕਦਮ ਭਟਕ ਗਏ ਨੇ,

ਮੈਨੂੰ ਗਰਦੋ-ਗੁਬਾਰ ਨੇ ਲਪੇਟ ਲਿਆ ਹੈ
ਮੈਂ ਤੈਨੂੰ ਗਵਾ ਬੈਠਾ ਹਾਂ ਕਿਸੇ ਚੁਰਾਹੇ ਤੇ,
ਮੈਨੂੰ ਗੁਮਨਾਮ ਸੱਨਾਟੇ ਨੇ ਸਮੇਟ ਲਿਆ ਏ।

ਕਈ ਵਾਰ ਅਜਿਹਾ ਵੀ ਵਕਤ ਆਇਆ ਏ
ਜਦ ਮੈਂ ਤੈਨੂੰ ਯਾਦ ਨਹੀਂ ਕੀਤਾ।
ਪਿਆਰ ਦੇ ਵਾਦੇ,
ਜੀਵਨ ਦੀਆ ਕਸਮਾਂ
ਜਦ ਮੈਂ ਇਹਨਾਂ ਦਾ ਇਹਤਰਾਫ ਨਹੀਂ ਕੀਤਾ।

ਜ਼ਿੰਦਗੀ ਦੇ ਗਮ ਜਦ ਮੇਰੇ ਦਿਲ ਤੇ,
ਕਾਲੇ ਬਦਲਾਂ ਵਾਂਗੂ ਛਾ ਜਾਂਦੇ ਨੇ,

ਖਿਆਲਾਂ ਦੇ ਚਕਰਵਿਯੂ,
ਮੇਰੇ ਦਿਲ ਨੂੰ ਚੀਲਾ ਵਾਂਗੂ
ਟੁੰਬ ਟੁੰਬ ਕੇ ਖਾ ਜਾਂਦੇ ਨੇ,
ਤਦ ਤੇਰੀ ਯਾ, ਮੇਰੀ ਜਾਨ,
ਮਹੀਨਿਆਂ ਤਕ ਨਹੀਂ ਆਉਂਦੀ,
ਦੁਖ ਦਰਦ ਮਾਊਫ ਕਰ ਦਿੰਦੇ ਨੇ
ਸੋਚਣ ਦੀ ਸ਼ਕਤੀ ਨੂੰ,
ਤੇਰੀ ਉਲਫਤ ਤੇਰੀ ਵਫ਼ਾ
ਯਾਦ ਨਹੀਂ ਆਉਂਦੀ।

# ਯਾਦ

ਅਜ ਵੀ ਮੇਰੇ ਕਾਲਜ ਦੇ
ਉਦਾਸ ਕਮਰੇ ਵਿਚ,
ਤੇਰੇ ਹਥਾਂ ਦੇ ਅਕਸ
ਤੇ ਕਦਮਾਂ ਦੇ ਨਿਸ਼ਾਨ ਸਾਫ ਨਜ਼ਰ ਆਉਂਦੇ ਨੇ।
ਅਜ ਵੀ ਮੇਰੇ ਆਫਸ ਦੀ ਤਨਹਾ ਖਾਮੋਸ਼ੀ ਵਿਚ,
ਤੇਰੇ ਸਾਹਾਂ ਦੀ ਥਕਨ,
ਤੇਰੇ ਗੀਤਾਂ ਦੇ ਬੋਲ ਹਰ ਥਾਂ ਗੁਨਗੁਨਾਂਦੇ ਨੇ।
ਕਿਤਾਬਾਂ ਤੇ ਧੂੜ ਦੀ ਤਹਿ
ਤੇ ਫਰਸ਼ ਤੇ, ਹਰ ਥਾਂ, ਬਿਖਰੇ ਕਾਗਜ਼,
ਤੇਰੇ ਇਥੇ ਨਾ ਹੋਣ ਦੀ ਯਾਦ ਦਿਵਾਉਂਦੇ ਨੇ।
ਦੀਵਾਰਾਂ ਤੇ ਤਨੇ ਜਾਲੇ, ਗੰਧਲੇ ਦਰਵਾਜ਼ੇ
ਤੇ ਚਿਲਮਨਾਂ ਤੇ ਜਮੀਂ ਗਰਦ
ਤੇਰੇ ਮੈਥੋਂ ਵਿਛੜ ਜਾਣ ਦੀ
ਯਾਦ ਦਿਵਾਉਂਦੇ ਨੇ।

ਤੂੰ ਆਉਂਦੀ ਸੈਂ,
ਤਾਂ ਜੀਵਨ ਦਾ,ਹਰ ਹਨੇਰਾ ਕੋਨਾ,
ਜਗਮਗਾ ਉਠਦਾ ਸੀ,
ਜਿਥੇ ਤੂੰ ਹਥ ਧਰਦੀ ਸੈਂ,
ਦਿਲ ਦਾ ਉਹ ਹਿੱਸਾ,
ਫਿਰ ਮੁਸਕਰਾ ਉਠਦਾ ਸੀ,

ਹਰ ਪਾਸੇ ਕਵਿਤਾ ਬਿਖਰੀ ਸੀ,
ਹਰ ਪਾਸੇ ਹਾਸੇ ਬਿਖਰੇ ਸੀ,
ਹਰ ਪਾਸੇ ਕਹਾਣੀ ਬਿਖਰੀ ਸੀ,

ਹਰ ਪਾਸੇ ਨਗ਼ਮੇ ਬਿਖਰੇ ਸੀ।

ਅੰਧੇਰੇ ਜੀਵਨ ਵਿਚ ਤੂੰ ਮੇਰੀ,
ਪ੍ਰੇਮ ਜੋਤ ਲੈ ਆਈ ਸੀ,
ਬਿਖਰੇ ਸਾਹਾਂ ਦੀ ਤੂੰ ਮੇਰੀ,
ਇਕ ਮਾਲਾ ਗੁੰਦਵਾਈ ਸੀ।
ਅਜ ਹਰ ਪਾਸੇ ਹਰ ਪਾਸੇ ਉਦਾਸੀ ਏ,
ਹਰ ਪਾਸੇ ਖਾਮੋਸ਼ੀ ਹੈ,
ਅਜ ਹਰ ਸ਼ੈ ਤੈਨੂੰ ਲਭਦੀ ਹੈ,
ਕਦੇ ਰੋਂਦੀ ਤੇ ਕਦੇ ਹਸਦੀ ਏ,
ਅਜ ਤੈਨੂੰ ਜੀਵਨ ਦੀ ਤਨਹਾਈ,
ਮੁੜ ਯਾਦ ਪਈ ਕਰਦੀ ਏ,
ਕੰਬਦੇ ਦੀਵੇ ਦੀ ਲੋਅ ਵਾਂਗੂ,
ਨਾ ਜੀਂਦੀ ਏ ਨਾ ਮਰਦੀ ਏ।

# ਤੇਰੇ ਜਿਹਾ

ਤੂੰ ਹੁਸਨ, ਇਸ਼ਕ ਪਿਆਰ ਤੇ
ਵਫ਼ਾ ਦਾ ਸੰਗਮ ਹੈ
ਤੇਰੇ ਜਿਹਾ, ਸੰਸਾਰ ਵਿਚ
ਕੋਈ ਹੋ ਨਹੀਂ ਸਕਦਾ।

## ਵਫਾ

ਮੈਂ ਜੀਵਨ ਵਿਚ
ਤੇਰੇ ਨਾਲ ਵਫਾ ਨਹੀਂ ਕੀਤੀ,
ਮੈਨੂੰ ਇਸ ਗਲ ਦਾ ਦੁਖ ਵੀ ਹੈ, ਅਹਿਸਾਸ ਵੀ ਹੈ,
ਮੈਂ ਤੇਰੇ ਯਕੀਨ ਨੂੰ
ਬਹੁਤ ਠੇਸ ਪਹੁੰਚਾਈ ਹੈ
ਮੈਨੂੰ ਇਸ ਗਲ ਦਾ ਰੰਜ ਵੀ ਹੈ,
ਅਹਿਸਾਸ ਵੀ ਹੈ।

ਮੈਂ ਭੰਵਰਾ ਬਨ ਕੇ
ਕਈ ਫੁਲਾਂ ਦਾ ਰਸ ਪੀਤਾ ਹੈ,
ਇਹ ਕੌੜੀ ਸਚਾਈ
ਮੈਂ ਤੈਨੂੰ ਕਈ ਵਾਰ ਦਸ ਚੁਕਾ ਹਾਂ
ਮੈਂ ਪਰਵਾਨਾ ਬਨ ਕੇ
ਕਈਂ ਸ਼ਮਾਵਾਂ ਤੇ ਪਰ ਜਲਾਏ ਹਨ,
ਇਹ ਚੁਭਵੀਂ ਹਕੀਕਤ ਵੀ ਮੈਂ
ਤੈਨੂੰ ਕਈ ਵਾਰ ਕਹਿ ਚੁਕਾ ਹਾਂ

ਪਰ ਪਿਆਰ ਮੈਂ ਕੇਵਲ ਤੈਨੂੰ
ਮੇਰੇ ਹਮਰਾਜ਼ ਕੀਤਾ ਹੈ,
ਤੇਰੇ ਵਿਯੋਗ ਵਿਚ ਦਿਲ ਮੇਰਾ
ਦਿਨ ਰਾਤ ਰੋਇਆ ਹੈ।
ਤੈਨੂੰ ਮਿਲਨ ਲਈ
ਹਰ ਤੂਫਾਨ ਲੰਘ ਕੇ ਆਇਆ ਹਾਂ,
ਤੇਰੇ ਵਸਲ ਲਈ
ਕੁਝ ਪਾਇਆ ਤੇ ਕੁਝ ਖੋਇਆ ਹੈ।

ਮੈਂ ਬੇਵਫਾ ਹੀ ਸਹੀ
ਪਰ ਸਿਰਫ ਤੇਰਾ ਹੀ ਆਸ਼ਕ ਹਾਂ,
ਤੈਨੂੰ ਪਿਆਰ ਮੇਰੀ ਜਾਨੂੰ
ਮੈਂ ਬੇਪਨਾਹ ਕੀਤਾ ਹੈ।
ਤੈਨੂੰ ਭੁਲ ਕੇ ਮੈਂ
ਕਦੀ ਜੀ ਨਹੀਂ ਸਕਨਾ
ਤੈਨੂੰ ਇਸ਼ਕ ਮੇਰੀ ਪੂਨਮ,
ਮੈਂ ਬੇਹਿਸਾਬ ਕੀਤਾ ਹੈ।।

# ਕੁਝ ਵੀ ਨਹੀਂ

ਰੰਗ ਬਿੰਰਗੇ ਫੁਲਾਂ, ਤੇ ਬਹਾਰਾਂ ਦੀ ਰੁਤ,
ਤੇਰੇ ਬਗੈਰ ਹਮਦਮ, ਕੁਝ ਵੀ ਨਹੀਂ।
ਬਸੰਤ ਆਵੇ ਜਾਂ ਪਤਝੜ,
ਤੇਰੇ ਬਗੈਰ ਮੌਸਮ ਕੁਝ ਵੀ ਨਹੀਂ।

## ਯਕੀਨ

ਪਿਆਰ ਉਡੀਕਦਾ ਰਿਹਾ,
ਪਿਆਰ ਨੂੰ ਯਕੀਨ ਸੀ ਤੂੰ ਜਰੂਰ ਆਵੇਂਗੀ,
ਦਿਲ ਧੜਕਦਾ ਰਿਹਾ,
ਦਿਲ ਨੂੰ ਯਕੀਨ ਸੀ, ਤੂੰ ਜਰੂਰ ਆਵੇਂਗੀ,

ਸੂਰਜ ਢਲ ਗਿਆ,
ਸ਼ਾਮਾਂ ਪੈ ਗਈਆਂ,
ਤੂੰ ਨਹੀਂ ਆਈ,
ਪਰ ਪਤਾ ਨਹੀਂ ਕਿਉਂ
ਮੈਨੂੰ ਹਾਲੇ ਵੀ ਯਕੀਨ ਏ,
ਤੂੰ ਜਰੂਰ ਆਵੇਂਗੀ,

# ਪਿਆਰ

ਪਿਆਰ ਇਕ ਅਮਿਟ ਸਚ ਹੈ,
ਕੋਈ ਦਿਖਾਵਾ ਤਾਂ ਨਹੀਂ।
ਇਹ ਇਕ ਕੌੜੀ ਹਕੀਕਤ ਹੈ,
ਕੋਈ ਛਲਾਵਾ ਤਾਂ ਨਹੀਂ।

# ਤੂੰ ਤੇ ਮੈਂ

ਤੂੰ ਹਰ ਵਾਦਾ ਪੂਰਾ ਕੀਤਾ
ਮੈਂ ਹਰ ਵਾਦਾ ਤੋੜਿਆ।
ਤੂੰ ਸਭ ਕੁਝ ਛਡ ਆਉਣਾ ਚਾਹਿਆ,
ਮੈਂ ਡਰ, ਤੈਥੋਂ ਮੂੰਹ ਮੋੜਿਆ।

ਤੈਨੂੰ ਮੈਥੋਂ ਪਰੇ, ਕੋਈ ਨਾ ਦਿਸਿਆ,
ਮੈਂ ਸਭ ਨਾਲ ਨਾਤਾ ਜੋੜਿਆ।
ਤੂੰ ਹਰ ਪਲ ਮੈਨੂੰ ਪਾਉਣਾ ਚਾਹਿਆ,
ਮੈਂ ਵਕਤ ਤੇ ਕਦੀ ਨਾ ਬੌੜਿਆ।

# ਦੁਖ

ਉਦਾਸ ਹੋਣ ਤੇ ਰੋਣਾ,
ਇਹ ਮੈਨੂੰ ਬਦਨਸੀਬ ਨੂੰ
ਵਿਰਸੇ ਵਿਚ ਮਿਲਿਆ ਹੈ
ਵਿਛੜਨਾ ਤੇ ਜੁਦਾ ਹੋਣਾ।
ਇਹ ਮੈਨੂੰ ਬਦਬਖ਼ਤ ਨੂੰ
ਕਿਸਮਤ ਵਿਚ ਮਿਲਿਆ ਏ।

ਜਦ ਤੂੰ ਪਿਆਰ ਨਾਲ ਬੋਲਦੀ ਏ,
ਮੁਸਕਰਾਂਦੀ ਏ ਤੇ ਹਸਦੀ ਏ,
ਤਾਂ ਜ਼ਿੰਦਗੀ ਦੀ ਹਰ ਪੀੜ ਮਿਟ ਮਿਟ ਜਾਂਦੀ ਏ।
ਜਦ ਤੂੰ ਗੁੰਮ ਸੁੰਮ ਹੁੰਦੀ ਏ,
ਖਿਝਦੀ ਏ ਤੇ ਰੁਸਦੀ ਏ,
ਤਾਂ ਜ਼ਿੰਦਗੀ ਦੀ ਉਹੀ ਪੀੜ
ਮੁੜ ਉਭਰ ਉਭਰ ਪੈਂਦੀ ਹੈ।

ਕੀ ਕਰਾਂ ?
ਤੂੰ ਹੀ ਮੈਨੂੰ
ਜਿਊਣ ਦਾ ਕੋਈ ਨਵਾਂ ਰਾਹ ਦਿਖਾ ਦੇ,
ਸੁਕੇ ਤੇ ਤਿਹਾਏ ਹੋਠਾਂ ਨੂੰ,
ਇਕ ਨਵਾਂ ਅਜ ਜਾਮ ਪਿਆ ਦੇ।

ਕਹਿ ਦੇ ਕਿ ਗ਼ਮਾਂ ਤੋਂ ਦੂਰ ਵੀ
ਇਕ ਵਾਦੀ ਏ
ਜਿਥੇ ਸੁਖ, ਮਿਲਣ ਤੇ ਪਿਆਰ ਪਲਦੇ ਨੇ,
ਜਿਥੇ ਤਕਦੀਰਾਂ ਦਾ

ਆਪਸ ਵਿਚ ਟਕਰਾਅ ਨਹੀਂ ਹੁੰਦਾ,
ਜਿਥੇ ਕਸਮਾਂ, ਵਾਦੇ ਤੇ ਇਕਰਾਰ ਪਲਦੇ ਨੇ।

ਕਹਿ ਦੇ ਕਿ ਜੀਵਨ,
ਪਿਆਰ ਤੇ ਇਸ਼ਕ ਦਾ ਅਮਿਟ ਸੰਗਮ ਏ,
ਇਥੇ ਨਫਰਤ ਤੇ ਦੁਖ
ਰਹਿ ਨਹੀਂ ਸਕਦੇ
ਇਸ ਧਰਤੀ ਤੇ
ਝੁੰਡ ਹੈ ਨਖਲਿਸਤਾਨਾ ਦਾ,
ਇਥੇ ਤੜਪ ਤੇ ਪਿਆਸ
ਰਹਿ ਨਹੀਂ ਸਕਦੇ

ਕਹਿ ਦੇ ਤੂੰ ਮੇਰੇ ਜੀਵਨ ਵਿਚ
ਹਰਿਆਲੀ ਲੈ ਕੇ ਆਵੇਗੀ
ਤੇ ਮੇਰੇ ਉਜੜੇ ਰਾਹਾਂ ਤੇ
ਅਪਣੇ ਚੰਚਲ ਨੈਣਾਂ ਦੀ
ਸ਼ਬਨਮ ਬਰਸਾਵੇਂਗੀ।

ਕਹਿ ਦੇ ਤੂੰ ਮੇਰੇ ਜੀਵਨ ਦਾ
ਹਰ ਜਖਮ ਖੁਦ ਆਪੇ ਹੀ ਸੀਵੇਂਗੀ,
ਤੇ ਮੇਰੇ ਰਿਸਦੇ ਦਾਗਾਂ ਤੇ,
ਆਪਣੇ ਕੋਮਲ ਹਥਾਂ ਦਾ
ਡੂੰਘਾ ਸਪਰਸ਼ ਨਖਸ਼ੇਵੇਂਗੀ।

## ਕੀ ਆਖਾਂ ?

ਤੈਨੂੰ ਗਜ਼ਲ ਆਖਾਂ ਜਾਂ ਨਜ਼ਮ ਆਖਾਂ,
ਕੀ ਆਖਾਂ ਨੂਰ ਜਹਾਨ ਮੇਰੀ,
ਤੈਨੂੰ ਚੰਦ ਆਖਾਂ, ਚਾਂਦਨੀ ਆਖਾਂ,
ਕੀ ਆਖਾਂ ਦਿਲ ਓ ਜਾਨ ਮੇਰੀ।

ਪਿਆਰ ਬੰਧਨ ਹੈ
ਸਦੈਵੀ ਰਹਿਣਾ ਵਾਲਾ
ਦੁਨਿਆਵੀ ਠੋਕਰਾਂ ਨਾਲ
ਇਹ ਟੁਟਦਾ ਨਹੀਂ।
ਪਿਆਰ ਸੁਗੰਧ ਹੈ,
ਸਾਰੇ ਗੁਲਸ਼ਨਾਂ ਦੀ
ਪਰਾਈ ਅੱਗ ਨਾਲ
ਕਦੇ ਇਹ ਝੁਲਸਦਾ ਨਹੀਂ।


ਤੈਨੂੰ ਹੀਰ ਆਖਾਂ, ਸੋਹਣੀ ਆਖਾਂ,
ਕੀ ਆਖਾਂ ਨੂਰ ਜਹਾਨ ਮੇਰੀ,
ਤੂੰ ਹੀ ਸੱਸੀ ਮੇਰੀ,
ਤੂੰ ਹੀ ਲੈਲਾ ਮੇਰੀ
ਤੂੰ ਹੀ ਜਿੰਦ ਮੇਰੀ,
ਤੂੰ ਹੀ ਸਾਹਿਬਾਨ ਮੇਰੀ

ਤੈਨੂੰ ਕਸਮ ਹੈ ਝਨਾਅ ਦੇ ਪਾਣੀਆਂ ਦੀ,
ਮਹੀਂਵਾਲ ਨੂੰ ਕਦੀ ਨਾ ਭੁਲ ਬੈਠੀਂ।
ਮਾਰੂਥਲਾਂ ਦੀ ਰੇਤ ਦੀ ਕਸਮ ਤੈਨੂੰ,
ਆਪਣੇ ਕੈਸ ਨੂੰ ਕਦੀ ਨਾ ਭੁਲ ਬੈਠੀਂ।

ਤੈਨੂੰ ਗੁਲਾਬ ਆਖਾਂ
ਕਿ ਸਰੂੰ ਦੀ ਡਾਲ ਆਖਾਂ
ਕੀ ਆਖਾਂ ਨੂਰ ਜਹਾਨ
ਮੇਰਾ ਦਿਲ ਤੇ ਜਾਨ ਕੁਰਬਾਨ ਤੈਥੋਂ
ਤੂੰ ਹੈ ਮਾਨ, ਸਤਿਕਾਰ ਤੇ ਸ਼ਾਨ ਮੇਰੀ।

ਭਖਦੇ ਹੁਸਨ ਦੀ ਅਜ ਵੀ ਸ਼ਮਾਂ ਹੈ ਤੂੰ
ਪਰਵਾਨੇ ਤੜਫਦੇ
ਕਈ ਤੇਰੇ ਇਸ਼ਕ ਖ਼ਾਤਰ।
ਬੰਦ ਬੋਤਲ ਤੂੰ ਇਕ ਸ਼ਰਾਬ ਦੀ ਏ,
ਦਿਲ ਮਚਲਦੇ ਕਈ, ਤੈਨੂੰ ਪੀਣ ਖਾਤਰ।

ਸੂਰਜ ਆਖਾਂ ਕਿ ਤੈਨੂੰ ਮਹਿਤਾਬ ਆਂਖਾ
ਕੀ ਆਖਾ ਨੂਰ ਜਹਾਨ ਮੇਰੀ
ਬਲਦੀ ਰਹੇ ਸਦਾ, ਸ਼ਮਾ-ਏ ਹੁਸਨ ਤੇਰੀ,
ਇਹ ਕੀ ਚਾਹ ਮੇਰੀ ਇਹ ਆਨ ਮੇਰੀ।



# ਪੁੰਨਿਆ ਦਾ ਚੰਨ